# 20

# ਚੰਗਾ ਚਰਵਾਹਾ

## (10:1-21)

ਸਾਡੇ ਵਿੱਚੋਂ ਬਹੁਤਿਆਂ ਦੇ ਮਨ ਵਿਚ ਪਰਮੇਸ਼ੁਰ ਦੀ ਸਭ ਤੋਂ ਖ਼ੂਬਸੂਰਤ ਤਸਵੀਰ ਸ਼ਾਇਦ ਉਸਦਾ ਚਰਵਾਹੇ ਦੇ ਰੂਪ ਵਿਚ ਸਾਨੂੰ ਚਰਾਉਣ ਲਈ ਲੈ ਜਾਣਾ ਹੈ। ਇਹ ਪਰਮੇਸ਼ੁਰ ਦਾ ਇਕ ਅਜਿਹਾ ਰੂਪ ਹੈ ਜੋ ਸੁਰੱਖਿਆ, ਸੰਭਾਲ, ਕੋਮਲਤਾ ਅਤੇ ਕੁਰਬਾਨਲ ਦਾ ਅਹਿਸਾਸ ਕਰਵਾਉਂਦਸ ਹੈ। ਕਈ ਵਾਰ ਪਰਮੇਸ਼ੁਰ ਦੀ ਤੁਲਣਾ ਇਕ ਚਰਵਾਹੇ ਤੇ ਉਸ ਦੀਆਂ ਭੇਡਾਂ ਦੇ ਰੂਪ ਵਿਚ ਕਰਵਾਉਣਾ ਢੁਕਵਾਂ ਹੁੰਦਾ ਹੈ। ਉਦਾਹਰਣ ਲਈ, ਭੇਡਾਂ ਦੀ ਨਜ਼ਰ ਕਮਜ਼ੋਰ ਹੁੰਦੀ ਹੈ ਇਸ ਲਈ ਉਨ੍ਹਾਂ ਲਈ ਬਗ਼ੈਰ ਅਗਵਾਈ ਦੇ ਚੱਲਣਾ ਔਖਾ ਹੁੰਦਾ ਹੈ। ਦੁਸ਼ਮਣ ਵੱਲੋਂ ਹਮਲੇ ਕਰਨ ਤੇ ਉਹ ਆਪਣੇ ਆਪ ਨੂੰ ਲਚਾਰ ਮਹਿਸੂਸ ਕਰਦੀਆਂ ਹਨ। ਉਹ ਡਰ ਕੇ ਸਿਰਫ਼ ਆਪਣੀਆਂ ਲੱਤਾਂ ਹੇਠਾਂ ਲੁਕਾ ਕੇ ਬੈਠ ਜਾਂਦੀਆਂ ਹਨ। ਭੇਡਾਂ ਦਾ ਵਿਹਾਰ ਆਮ ਤੌਰ ਤੇ ਮੂਰਖਤਾ ਭਰਿਆ ਹੁੰਦਾ ਹੈ। ਖੇਤ ਵਿਚ ਹੋਣ ਤੇ ਜਦ ਇਕ ਭੇਡ ਕਿਸੇ ਖ਼ਿਆਲੀ ਵਾੜ ਨੂੰ ਪਾਰ ਕਰਨ ਲਈ ਛਾਲ ਮਾਰੇ ਤਾਂ ਦੂਜੀਆਂ ਵੀ ਉਸਦੀ ਨਕਲ ਕਰਦੀਆਂ ਲੱਕੜ ਦੀ ਵਾੜ ਪਾਰ ਕਰਨ ਲਈ ਛਾਲ ਮਾਰ ਦਿੰਦੀਆਂ ਹਨ। ਕਈ ਵਾਰ ਤਾਂ, ਆਜੜੀ ਨੂੰ ਭੇਡਾਂ ਨੂੰ ਪਾਣੀ ਪਿਆਉਣ ਲਈ ਵਾੜੇ ਵਿਚ ਜਾ ਕੇ ਉਨ੍ਹਾਂ ਨੂੰ ਪਾਣੀ ਦੀ ਹੌਦੀ ਵੱਲ ਹਿੱਕਣਾ ਪੈਂਦਾ ਹੈ। ਜਿਵੇਂ ਭੇਡਾਂ ਨੂੰ ਮਦਦ ਦੀ ਲੋੜ ਹੁੰਦੀ ਹੈ, ਉਵੇਂ ਹੀ ਸਾਨੂੰ ਵੀ ਹੁੰਦੀ ਹੈ।

''ਚਰਵਾਹਾ'' ਹਰ ਥਾਂ ਇਕ ਸਕਾਰਾਤਮਕ ਵਿਚਾਰ ਤਾਂ ਨਹੀਂ ਹੈ। ਕਈ ਵਾਰ ਚਰਵਾਹੇ ਆਲਸੀ, ਸ਼ਰਾਬੀ ਅਤੇ ਲਾਪਰਵਾਹ ਮਜ਼ਦੂਰ ਦੇ ਰੂਪ ਵਿਚ ਬਦਨਾਮ ਹੁੰਦੇ ਹਨ। ਜਿਵੇਂ ''ਪਿਤਾ'' ਸ਼ਬਦ ਦਾ ਸਭ ਤੋਂ ਚੰਗਾ ਅਰਥ ਹੋਣ ਤੇ ਵੀ ਬੁਰਾ ਅਰਥ ਹੋ ਸਕਦਾ ਹੈ, ਉਵੇਂ ਹੀ ''ਚਰਵਾਹਾ'' ਸ਼ਬਦ ਦਾ ਰੂਪ ਵਿਚ ਪਰਮੇਸ਼ੁਰ ਦੀ ਖ਼ੂਬਸੂਰਤ ਤਸਵੀਰ ਪੇਸ਼ ਕਰਦਾ ਹੈ। ਉਸਦੇ ਉਲਟ ਪੁਰਾਣੇ ਨੇਮ ਦੇ ਦੋ ਨਬੀਆਂ ਰਾਹੀਂ ਦਿੱਤੇ ਗਏ ਦੁਸ਼ਟ ਚਰਵਾਹੇ ਦੇ ਚਿੱਤਰਣ ਵੀ ਮਿਲਦੇ ਹਨ:

> ਹੇ ਰੜ ਦੇ ਸਾਰੇ ਦਰਿੰਦਿਓ, ਖਾਣ ਲਈ ਆ ਜਾਓ!
> ਹੇ ਬਣ ਦੇ ਸਾਰੇ ਦਰਿੰਦਿਓ।
> ਉਹ ਦੇ ਰਾਖੇ ਅੰਨ੍ਹੇ ਹਨ, ਓਹ ਸਾਰੇ ਬੇਸਮਝ ਹਨ,
> ਓਹ ਸਾਰੇ ਗੁੰਗੇ ਕੁੱਤੇ ਹਨ, ਓਹ ਭੌਂਕ ਨਹੀਂ ਸਕਦੇ।
> ਓਹ ਸੁਫ਼ਨੇ ਵੇਖਦੇ, ਲੰਮੇ ਪੈਂਦੇ ਅਤੇ ਨੀਂਦਰ ਦੇ ਪ੍ਰੇਮੀ ਹਨ।
> ਏਹ ਕੁੱਤੇ ਬਹੁਤ ਭੁੱਖੇ ਹਨ, ਏਹ ਰੱਜਣਾ ਨਹੀਂ ਜਾਣਦੇ,
> ਅਤੇ ਏਹ ਅਯਾਲੀ ਸਮਝ ਨਹੀਂ ਰੱਖਦੇ,
> ਏਹਨਾਂ ਸਭਨਾਂ ਨੇ ਆਪਣੇ ਰਾਹ ਵੱਲ,
> ਅਤੇ ਹਰੇਕ ਨੇ ਹਰ ਪਾਸਿਓਂ ਆਪਣੇ ਲਾਭ ਲਈ ਮੂੰਹ ਫੇਰਿਆ।

ਆਓ, ਮੈਂ ਮਧ ਲਿਆਵਾਂਗਾ, ਅਸੀਂ ਦਬ ਕੇ ਪੀਵੀਏ,
ਕਲ ਅੱਜ ਜਿਹਾ ਹੋਵੇਗਾ ਸਗੋਂ ਬਹੁਤ ਹੀ ਵਧਕੇ ਹੋਵੇਗਾ (ਯਸਾਯਾਹ 56:9-12)।

ਹਾਇ ਓਹਨਾਂ ਅਯਾਲੀਆਂ ਉੱਤੇ ਜਿਹੜੇ ਮੇਰੀ ਚਰਾਈ ਦੀਆਂ ਭੇਡਾਂ ਨੂੰ ਮਾਰ ਮੁਕਾਉਂਦੇ ਅਤੇ ਓਹਨਾਂ ਨੂੰ ਖੇਰੂੰ ਖੇਰੂੰ ਕਰਦੇ ਹਨ, ਯਹੋਵਾਹ ਦਾ ਵਾਕ ਹੈ! ਇਸ ਲਈ ਯਹੋਵਾਹ ਇਸਰਾਈਲ ਦਾ ਪਰਮੇਸ਼ੁਰ ਇਉਂ ਆਖਦਾ ਹੈ, ਮੈਂ ਓਹਨਾਂ ਅਯਾਲੀਆਂ ਦੇ ਵਿਰੁੱਧ ਹਾਂ ਜਿਹੜੇ ਮੇਰੀ ਪਰਜਾ ਨੂੰ ਚਾਰਦੇ ਹਨ। ਤੁਸਾਂ ਮੇਰੇ ਇੱਜੜ ਨੂੰ ਖੇਰੂੰ ਖੇਰੂੰ ਕੀਤਾ ਅਤੇ ਉਹ ਨੂੰ ਹੱਕ ਕੇ ਕੱਢ ਦਿੱਤਾ ਅਤੇ ਓਹਨਾਂ ਦੀ ਪਰਵਾਹ ਨਹੀਂ ਕੀਤੀ। ਵੇਖੋ, ਮੈਂ ਤੁਹਾਡੇ ਕੰਮਾਂ ਦੀ ਬੁਰਿਆਈ ਤੁਹਾਡੇ ਉੱਤੇ ਲਿਆਵਾਂਗਾ, ਯਹੋਵਾਹ ਦਾ ਵਾਕ ਹੈ। ਮੈਂ ਆਪਣੇ ਇੱਜੜ ਦੇ ਬੱਕੀਏ ਓਹਨਾਂ ਦੇਸਾਂ ਵਿੱਚੋਂ ਇਕੱਠੇ ਕਰਾਂਗਾ ਜਿੱਥੇ ਮੈਂ ਓਹਨਾਂ ਨੂੰ ਹੱਕ ਕੇ ਕੱਢ ਦਿੱਤਾ। ਮੈਂ ਓਹਨਾਂ ਨੂੰ ਓਹਨਾਂ ਦੇ ਵਾੜਿਆਂ ਵਿਚ ਮੋੜ ਲਿਆਵਾਂਗਾ ਅਤੇ ਓਹ ਫਲਣਗੇ ਅਤੇ ਵਧਣਗੇ। ਮੈਂ ਓਹਨਾਂ ਉੱਤੇ ਅਯਾਲੀ ਖੜੇ ਕਰਾਂਗਾ ਜਿਹੜੇ ਓਹਨਾਂ ਨੂੰ ਚਾਰਨਗੇ। ਓਹ ਫੇਰ ਨਾ ਡਰਨਗੇ ਅਤੇ ਨਾ ਘਬਰਾਉਂਣਗੇ, ਨਾ ਓਹਨਾਂ ਵਿੱਚੋਂ ਕੋਈ ਗਵਾਚੇਗੀ, ਯਹੋਵਾਹ ਦਾ ਵਾਕ ਹੈ (ਯਿਰਮਿਯਾਹ 23:1-4)।

ਯੂਹੰਨਾ 10 ਅਧਿਆਇ ਨੂੰ ਆਮ ਤੌਰ ਤੇ ''ਚੰਗੇ ਆਜੜੀ'' ਦਾ ਅਧਿਆਇ ਕਿਹਾ ਜਾਂਦਾ ਹੈ। ਇਹ ਅਧਿਆਇ ਯਿਸੂ ਵੱਲੋਂ ਜਮਾਂਦਰੂ ਅੰਨ੍ਹੇ ਨੂੰ ਚੰਗਾ ਕਰਨ ਦੀ ਕਹਾਣੀ ਅਤੇ ਯਿਸੂ ਦੇ ਵਿਰੋਧੀਆਂ ਦੇ ਰੂਹਾਨੀ ਅੰਨ੍ਹੇਪਣ ਦੀ ਚਰਚਾ ਦੇ ਫ਼ੌਰਨ ਬਾਅਦ ਹੀ ਆਉਂਦਾ ਹੈ। ਇਸ ਦੇ ਬਾਅਦ ਯੂਹੰਨਾ ਵੱਲੋਂ ਯਿਸੂ ਦੇ ਇੰਜੀਲ ਦੇ ਵਿਰਤਾਂਤ ਵਿਚ ਲਿਖਤ ਯਿਸੂ ਦੇ ਆਖਰੀ ਸੰਦੇਸ਼ ਨਾਲ ਜਾਰੀ ਰਹਿੰਦਾ ਹੈ। ਅੰਨ੍ਹੇਪਣ ਦਾ ਜ਼ਿਕਰ ਹੋਣ ਨਾਲ ਚਰਚਾ ਦਾ ਕੇਂਦਰ-ਬਿੰਦੂ ਭੇਡਾਂ ਵੱਲ ਹੋ ਜਾਂਦਾ ਹੈ, ਪਰ ਸੰਦੇਸ਼ ਲਗਭਗ ਉਹੀ ਰਹਿੰਦਾ ਹੈ ਕਿ ਯਿਸੂ ਸਚਮੁੱਚ ਪਰਮੇਸ਼ੁਰ ਦਾ ਪੁੱਤਰ ਹੈ ਅਤੇ ਜੋ ਲੋਕ ਈਮਾਨਦਾਰ ਅਤੇ ਨਰਮ ਦਿਲ ਹਨ, ਉਹ ਉਸ ਨੂੰ ਕਬੂਲ ਕਰਨ ਆਉਣਗੇ। ਪਵਿੱਤਰ ਲਿਖਤ ਦੇ ਸਾਡੇ ਇਸ ਪਾਠ ਦਾ ਸੰਦੇਸ਼ ਯਿਸੂ ਵੱਲੋਂ ਕੀਤੇ ਗਏ, ''ਮੈਂ ਹਾਂ'' ਦੇ ਦੋ ਦਾਅਵਿਆਂ ਤੇ ਕੇਂਦ੍ਰਿਤ ਹੈ।

## ''ਦਰਵਾਜ਼ਾ ਮੈਂ ਹਾਂ'' (10:1-10)

ਉਪਦੇਸ਼ ਦਾ ਅਰੰਭ ਭੇਡਾਂ ਅਤੇ ਉਨ੍ਹਾਂ ਦੇ ਅਯਾਲੀਆਂ ਬਾਰੇ ਇਕ ਰੂਪਕ ਨਾਲ ਹੁੰਦਾ ਹੈ ਜਿਸ ਵਿਚ ਯਿਸੂ ਭੇਡਾਂ ਦੇ ਵਾੜੇ ਦੀ ਇਕ ਪ੍ਰਸਿੱਧ ਰੂਪਕ ਦੀ ਵਰਤੋਂ ਕਰਦਾ ਹੈ (10:1-5)। ਰਾਤ ਨੂੰ ਕਈ ਵਾਰ ਭੇਡਾਂ ਨੂੰ ਕੰਡਿਆਂ ਜਾਂ ਪੱਥਰਾਂ ਦੇ ਬਣਾਏ ਵਾੜੇ ਵਿਚ ਰੱਖਿਆ ਜਾਂਦਾ ਸੀ। ਭੇਡਾਂ ਨੂੰ ਇੰਜ ਇਕੱਠਾ ਰੱਖਣ ਨਾਲ ਉਨ੍ਹਾਂ ਨੂੰ ਜੰਗਲੀ ਜਾਨਵਰਾਂ ਅਤੇ ਚੋਰਾਂ ਤੋਂ ਬਚਾਉਣ ਵਿਚ ਆਸਾਨੀ ਹੁੰਦੀ ਸੀ। ਯਿਸੂ ਨੇ ਆਪਣੇ ਸੁਣਨ ਵਾਲਿਆਂ ਨੂੰ ਯਾਦ ਦੁਆਇਆ ਕਿ ਕਿਵੇਂ ਸੱਚੇ ਅੱਯਾਲੀ ਆਪਣੀਆਂ ਭੇਡਾਂ ਕੋਲ਼ ਫ਼ਾਟਕ ਥਾਣੀਂ ਹੀ ਜਾਂਦੇ ਹਨ। ਉਹ ਆਪਣੀਆਂ ਭੇਡਾਂ ਨੂੰ ਨਾਂਅ ਲੈ ਕੇ ਸੱਦਦੇ ਹਨ। ਦੂਜੇ ਪਾਸੇ ਚੋਰ ਭੇਡਾਂ ਨੂੰ ਚੋਰੀ ਕਰਨ ਲਈ ਕੰਧ ਟੱਪ ਕੇ ਆਉਂਦਾ ਹੈ। ਯਿਸੂ ਇਹ ਕਹਿ ਰਿਹਾ ਸੀ ਕਿ ਉਹ ਪਰਮੇਸ਼ੁਰ ਦੇ ਲੋਕਾਂ ਨੂੰ ਧੋਖਾ ਦੇਣ ਜਾਂ ਉਨ੍ਹਾਂ ਨਾਲ ਚਲਾਕੀ ਕਰਨ ਨਹੀਂ ਆਇਆ। ਉਹ ਆਪਣੇ ਪਿੱਛੇ ਚੱਲਣ ਵਾਲਿਆਂ ਨੂੰ ਇਕੱਠਾ ਕਰਨ ਲਈ ਕੰਧ ਟੱਪ ਕੇ ਨਹੀਂ ਬਲਕਿ ਲੋਕਾਂ ਨੂੰ ਦੱਸ ਕੇ ਫਾਟਕ ਰਾਹੀਂ ਆਇਆ। ਪਰ ਇਸ ਸਮੇਂ ਉਸਦੇ ਸੁਣਨ

ਵਾਲਿਆਂ ਨੂੰ ਇਹ ਗੱਲ ਸਮਝ ਨਹੀਂ ਸੀ ਆਈ (10:6)।

ਯਿਸੂ ਨੇ ਫੇਰ ਮੂੰਹ ਖੋਲ੍ਹ ਕੇ ਕਿਹਾ, ''ਭੇਡਾ ਦਾ ਦਰਵਾਜ਼ਾ ਮੈਂ ਹਾਂ'' (10:7)। ਹੋਰਨਾਂ ਨੇ ਵੀ ਪਰਮੇਸ਼ੁਰ ਦੇ ਅੱਯਾਲੀ ਹੋਣ ਦਾ ਦਾਅਵਾ ਕੀਤਾ ਹੋਵੇਗਾ, ਪਰ ਸਨ ਉਹ ਚੋਰ ਅਤੇ ਲੁਟੇਰੇ ਹੀ। ਪਰਮੇਸ਼ੁਰ ਦੀਆਂ ਅਸਲੀ ਭੇਡਾਂ ਨੇ ਨਕਲੀ ਚਰਵਾਹਿਆਂ ਦੀ ਅਵਾਜ਼ ਦਾ ਜਵਾਬ ਨਾ ਦਿੱਤਾ, ਅਤੇ ਯਿਸੂ ਨੇ ਦਾਅਵਾ ਕੀਤਾ ਕਿ ਪਰਮੇਸ਼ੁਰ ਕੋਲ਼ ਅੱਪੜਣ ਦਾ ਉਹੀ ਅਸਲੀ ਦਰਵਾਜ਼ਾ ਹੈ। ਇਹ ਉਸਦੀ ਇਸ ਗੱਲ ਨਾ ਮੇਲ ਖਾਂਦਾ ਹੈ ਕਿ, ''ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ'' (ਯੂਹੰਨਾ 14:6)। ''ਦਰਵਾਜ਼ਾ ਮੈਂ ਹਾਂ'' ਪਿਤਾ ਨਾਲ ਇਕ ਹੋਣ ਅਤੇ ਉਸ ਤਕ ਪਹੁੰਚਣ ਦਾ ਇੱਕੋ ਰਾਹ ਹੋਣ ਦਾ ਦਾਅਵਾ ਹੈ। ਦੂਜੇ ਰਾਹ ਤੋਂ ਆਉਣ ਦੀ ਕੋਸ਼ਿਸ਼ ਕਰਨ ਵਾਲੇ ਚੋਰ ਅਤੇ ਲੁਟੇਰੇ ਹੀ ਸਨ। ਮੈਨੂੰ ਇਕ ਵਾਰ ਇਕ ਨੌਜਵਾਨ ਦਾ ਪਤਾ ਲੱਗਾ, ਜਿਹੜਾ ਨਾਈ ਦੀ ਦੁਕਾਨ ਤੇ ਕੰਮ ਕਰਨ ਦੇ ਇਲਾਵਾ ਜੁੱਤੀਆਂ ਪਾਲਸ਼ ਕਰਦਾ ਅਤੇ ਫ਼ਰਸ਼ ਸਾਫ਼ ਕਰਦਾ ਹੁੰਦਾ ਸੀ। ਕੁਝ ਸਮੇਂ ਬਾਅਦ, ਉਸਨੇ ਵੇਖਿਆ ਕਿ ਦੁਕਾਨ ਵਿਚ ਸਾਫ਼ਟ ਡ੍ਰਿੰਕ ਦੀ ਮਸ਼ੀਨ ਵਿਚ ਬਹੁਤ ਸਾਰੇ ਪੈਸੇ ਪਾਏ ਜਾ ਰਹੇ ਹਨ। ਉਹ ਸਕੀਮਾਂ ਬਣਾਉਣ ਲੱਗਾ ਕਿ ਉਨ੍ਹਾਂ ਪੈਸਿਆਂ ਨੂੰ ਕਿਵੇਂ ਕੱਢਿਆ ਜਾਵੇ। ਇਕ ਰਾਤ ਉਸਨੇ ਨਾਈ ਦੀ ਦੁਕਾਨ ਵਿਚ ਅੱਧੀ ਰਾਤ ਤੋਂ ਬਾਅਦ ਆ ਕੇ ਰੌਸ਼ਨਦਾਨ ਰਾਹੀਂ ਛੱਤ ਤੇ ਚੜ੍ਹ ਕੇ ਸੰਨ੍ਹ ਲਾਉਣ ਦੀ ਕੋਸ਼ਿਸ਼ ਕੀਤੀ। ਗੜਬੜ ਸਿਰਫ਼ ਇਹ ਹੋਈ ਕਿ ਰੌਸ਼ਨਦਾਨ ਵਿਚ ਫਸ ਗਿਆ ਅਤੇ ਫੜਿਆ ਗਿਆ। ਪੁਲਸ ਵੱਲੋਂ ਫੜ੍ਹੇ ਜਾਣ ਤੇ, ਉਹ ਬਚਾਅ ਲਈ ਕੀਰਨੇ ਪਾਉਣ ਲੱਗਾ, ਅਤੇ ਇਹ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗਾ ਕਿ ਉਹ ਕੋਈ ਗ਼ਲਤ ਕੰਮ ਨਹੀਂ ਕਰ ਰਿਹਾ ਸੀ! ਪਰ ਕਿਸੇ ਵੀ ਉਹਦੀ ਕਹਾਣੀ ਤੇ ਯਕੀਨ ਨਾ ਕੀਤਾ। ਈਮਾਨਦਾਰ ਲੋਕਾਂ ਜਿਨ੍ਹਾਂ ਦੇ ਮਨ ਵਿਚ ਕੋਈ ਕਪਟ ਨਹੀਂ ਹੁੰਦਾ ਛੱਤ ਰਾਹੀਂ ਨਹੀਂ ਬਲਕਿ ਦਰਵਾਜ਼ੇ ਰਾਹੀਂ ਆਉਂਦੇ ਹਨ। ਝੂਠੇ ਗੁਰੂਆਂ ਬਾਰੇ ਯਿਸੂ ਇਹੀ ਆਖ ਰਿਹਾ ਸੀ।

ਧਰਮ ਦੇ ''ਗੰਦੇ ਨੀਚ ਭੇਤਾਂ'' ਵਿੱਚੋਂ ਇਕ ਇਹ ਹੈ ਕਿ ਕੁਝ ਧਾਰਮਿਕ ਆਗੂ ਅਸਲ ਵਿਚ ਪਰਮੇਸ਼ੁਰ ਦੀਆਂ ਗੱਲਾਂ ਵਿਚ ਦਿਲਚਸਪੀ ਨਹੀਂ ਲੈਂਦੇ। ਕਈ ਤਾਂ ਕਲੀਸੀਆਵਾਂ ਨਾਲ ਜੁੜੇ ਮਸਲਿਆਂ ਵਿਚ ਹਿੱਸਾ ਹੀ ਪੈਸੇ, ਰੁਤਬੇ ਜਾਂ ਤਾਕਤ ਦੀ ਲਾਲਸਾ ਪੂਰੀ ਕਰਨ ਲਈ ਲੈਂਦੇ ਹਨ। ਜਦ ਵੀ ਕਿਸੇ ਨਵੇਂ ਘਪਲੇ ਦਾ ਪਤਾ ਲਗਦਾ ਹੈ ਤਾਂ ਅਸੀਂ ਹੈਰਾਨ ਰਹਿ ਜਾਂਦੇ ਹਾਂ ਕਿ ਕਲੀਸੀਆ ਵਿਚ ਕਿਸੇ ਆਗੂ ਨੇ ਅਜਿਹਾ ਕੰਮ ਕੀਤਾ। ਮੈਂ ਨਹੀਂ ਲਗਦਾ ਕਿ ਡਾਕੂਆਂ ਅਤੇ ਲੁਟੇਰਿਆਂ ਦੇ ਇੱਜੜ ਨੂੰ ਹੱਕ ਕੇ ਗੁਮਰਾਹ ਕਰਨ ਦੀ ਕੋਸ਼ਿਸ਼ ਕਰਨ ਤੇ ਯਿਸੂ ਨੂੰ ਹੈਰਾਨੀ ਹੋਈ ਹੋਵੇਗੀ। ਉਹਨੂੰ ਪਤਾ ਸੀ ਕਿ ਇੱਜੜ ਦੀ ਚਾਹ ਕਰਨ ਵਾਲਾ ਇਕੱਲਾ ਉਹੀ ਨਹੀਂ ਹੈ, ਪਰ ਉਹਨੂੰ ਪਤਾ ਸੀ ਕਿ ਅਸਲੀ ਚਰਵਾਹਾ ਸਿਰਫ਼ ਉਹੀ ਹੈ ਜਿਸਨੂੰ ਇੱਜੜ ਦੀ ਭਲਿਆਈ ਦੀ ਸਭ ਤੋਂ ਵੱਧ ਫ਼ਿਕਰ ਹੈ। ਉਸ ਨੇ ਕਿਹਾ, ''ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਚੋਖਾ ਮਿਲੇ'' (10:10)।

ਇੰਜੀਲ ਦੇ ਯੂਹੰਨਾ ਦੇ ਪੂਰੇ ਵਿਰਤਾਂਤ ਵਿਚ ਯਿਸੂ ਨੂੰ ਦਰਵਾਜ਼ੇ ਰਾਹੀਂ ਵੜਦਿਆਂ ਵਿਖਾਇਆ ਗਿਆ ਹੈ। ਉਸਦੀ ਸੇਵਕਾਈ ਵਿਚ ਕਿਸੇ ਤਰ੍ਹਾਂ ਦੀ ਕੋਈ ਚਾਲਬਾਜ਼ੀ, ਚਲਾਕੀ, ਧੋਖਾ ਜਾਂ ਸੁਆਰਥ ਨਹੀਂ ਸੀ। ਭਾਵੇਂ ਉਹਦੀਆਂ ਗੱਲਾਂ ਤੇ ਬਹੁਤ ਝਗੜਾ ਹੋਇਆ ਅਤੇ ਅਖ਼ੀਰ ਵਿਚ ਉਸਦੀ ਕੀਮਤ ਉਸ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਈ, ਤਾਂ ਵੀ ਯਿਸੂ ਨੇ ''ਬੂਹੇ'' ਥਾਣੀਂ ਵੜਨ ਤੇ ਜ਼ੋਰ ਦਿੱਤਾ। ਉਹ ਜਾਣਦਾ ਸੀ ਕਿ ਜਿਨ੍ਹਾਂ ਦੇ ਮਨ ਪਰਮੇਸ਼ੁਰ ਵੱਲ ਮੁੜ ਗਏ

ਸਨ, ਉਹ ਉਸਦੀ ਅਵਾਜ਼ ਸੁਣ ਕੇ ਉਹਦੇ ਮਗਰ ਜ਼ਰੂਰ ਚੱਲਣਗੇ, ਦੁਨੀਆਂ ਭਾਵੇਂ ਕੁਝ ਵੀ ਕਰ ਲਵੇ।

ਪਹਿਲੀ ਸੰਸਾਰ ਜੰਗ ਦੌਰਾਨ ਇਸਰਾਏਲ ਵਿਚ ਠਹਿਰੇ ਤੁਰਕੀ ਸਿਪਾਹੀਆਂ ਦੀ ਇਕ ਭੁੱਖੀ ਟੋਲੀ ਨੇ ਭੇਡਾਂ ਦੇ ਇੱਜੜ ਤੇ ਹਮਲਾ ਕਰ ਦਿੱਤਾ। ਇਹ ਸੋਚ ਕੇ ਕਿ ਇਸ ਤਰ੍ਹਾਂ ਚੰਗੀ ਦਾਅਵਤ ਹੋ ਜਾਵੇਗੀ, ਉਹ ਭੇਡਾਂ ਨੂੰ ਆਪਣੇ ਕੈਂਪ ਵੱਲ ਹਿੱਕਣ ਲੱਗੇ। ਵਿਚਾਰੇ ਆਜੜੀ ਕੋਲ਼ ਜੋ ਭੇਡਾਂ ਦੀ ਰਖਵਾਲੀ ਕਰ ਰਿਹਾ ਸੀ ਉਨ੍ਹਾਂ ਸਿਪਾਹੀਆਂ ਨਾਲ ਲੜਨ ਲਈ ਕੋਈ ਹਥਿਆਰ ਨਹੀਂ ਸੀ। ਸੋ ਉਹ ਉਲਟੇ ਪਾਸੇ ਨੂੰ ਦੌੜ ਕੇ ਇਕ ਡੂੰਘੀ ਘਾਟੀ ਦੇ ਪਾਰ, ਇਕ ਪਹਾੜੀ ਦੀ ਚੋਟੀ ਤੇ ਚਲਿਆ ਗਿਆ। ਫਿਰ ਭੇਡਾਂ ਵੱਲ ਮੂੰਹ ਕਰਕੇ, ਆਪਣੇ ਮੂੰਹ ਅੱਗੇ ਹੱਥਾਂ ਦਾ ਕੁੱਪਾ ਬਣਾ ਕੇ ਜਿਵੇਂ ਆਮ ਤੌਰ ਤੇ ਉਹ ਭੇਡਾਂ ਨੂੰ ਬੁਲਾਉਂਦਾ ਸੀ, ਉਨ੍ਹਾਂ ਨੂੰ ਬੁਲਾਉਣ ਲੱਗਾ। ਭੇਡਾਂ ਝੱਟ ਸਿਪਾਹੀਆਂ ਨਾਲ ਜਾਣਾ ਛੱਡ ਕੇ ਆਜੜੀ ਵੱਲ ਨੱਸਣ ਲੱਗੀਆਂ। ਸਿਪਾਹੀ ਐਨੇ ਹੈਰਾਨ ਸਨ ਕਿ ਉਹ ਹਨੇਰੇ ਵਿਚ ਆਪਣੀ ''ਦਾਅਵਤ'' ਨੂੰ ਗਾਇਬ ਹੋਣ ਤੋਂ ਰੋਕਣ ਲਈ ਕੁਝ ਨਾ ਕਰ ਸਕੇ।[1]

ਆਪਣੀਆਂ ਭੇਡਾਂ ਨਾਲ ਯਿਸੂ ਦਾ ਵੀ ਅਜਿਹਾ ਸਬੰਧ ਹੈ। ਉਸ ਦੀਆਂ ਭੇਡਾਂ ਅੱਜ ਵੀ ਉਸਦੀ ਅਵਾਜ਼ ਨੂੰ ਪਛਾਣ ਕੇ ਉਸਨੂੰ ਲੱਭ ਲੈਂਦੇ ਹਨ। ਉਨ੍ਹਾਂ ਨੂੰ ਉਹ ਭਰਪੂਰੀ ਦਾ ਜੀਵਨ ਦਵੇਗਾ। ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ''ਜੀਉਣ'' ਮੁੱਖ ਗੱਲ ਹੈ (20:31)। ਇਹ ''ਚੰਗੀ ਜ਼ਿੰਦਗੀ'' ਜਾਂ ''ਅਸਾਨ ਜ਼ਿੰਦਗੀ'' ਨਹੀਂ ਜਿਸ ਦਾ ਅਸੀਂ ਆਮ ਤੌਰ ਤੇ ਖਹਿੜਾ ਕਰਦੇ ਹਾਂ, ਬਲਕਿ ਉਹ ''ਭਰਪੂਰੀ ਦੀ ਜ਼ਿੰਦਗੀ'' ਹੈ ਜੋ ਯਿਸੂ ਉਨ੍ਹਾਂ ਨੂੰ ਦਿੰਦਾ ਹੈ ਜੋ ਉਸ ਦੀ ਅਵਾਜ਼ ਸੁਣਦੇ ਹਨ।

## ''ਅੱਛਾ ਅੱਯਾਲੀ ਮੈਂ ਹਾਂ'' (10:11-18)

ਦਰਵਾਜ਼ਾ ਹੋਣ ਦੇ ਯਿਸੂ ਦੇ ਦਾਅਵੇ ਨਾਲ ਜੁੜਿਆ, ਪਰ ਇਸ ਤੋਂ ਥੋੜ੍ਹਾ ਫਰਕ ਯਿਸੂ ਦਾ ''ਚੰਗਾ ਅਯਾਲੀ ਮੈਂ ਹਾਂ'' (10:11) ਵਾਲਾ ਐਲਾਨ ਸੀ। ਜਿਵੇਂ ਪਹਿਲਾਂ ਕਿਹਾ ਗਿਆ ਸੀ, ''ਅਯਾਲੀ'' ਸ਼ਬਦ ਦੇ ਵੱਖੋ-ਵੱਖ ਮਤਲਬ ਹੋ ਸਕਦੇ ਹਨ। ਇਸ ਮੌਕੇ, ਯਿਸੂ ਦੇ ਮਨ ਵਿਚ ਇਸਦਾ ਇਕ ਵਿਸ਼ਾਲ ਅਰਥ ਕਿ ''ਅੱਛਾ ਅਯਾਲੀ ਭੇਡਾ ਲਈ ਆਪਣੀ ਜਾਨ ਦਿੰਦਾ ਹੈ'' (10:11)। ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਨੌਂ ਤੋਂ ਵੱਧ ਅਧਿਆਵਾਂ ਤਕ ਉਸਦੀ ਮੌਤ ਦਾ ਜ਼ਿਕਰ ਨਹੀਂ ਹੈ, ਪਰ ਯਿਸੂ ਆਪਣੇ ਚੇਲਿਆਂ ਨੂੰ ਪਹਿਲਾਂ ਹੀ ਦੱਸ ਰਿਹਾ ਸੀ ਕਿ ਸਲੀਬ ਦਾ ਮਤਲਬ ਕੀ ਹੋਣਾ ਸੀ। ਅੱਛਾ ਅਯਾਲੀ ਹੋਣ ਕਰਕੇ, ਉਹ ਭੇਡਾਂ ਲਈ ਆਪਣੀ ਜਾਨ ਦੇਣ ਨੂੰ ਤਿਆਰ ਅਤੇ ਇੱਛੁਕ ਸੀ। ਇਨ੍ਹਾਂ ਸੰਖੇਪ ਆਇਤਾਂ ਵਿਚ ਉਸਨੇ ਪੰਜ ਵਾਰ ਜ਼ੋਰ ਦੇ ਕੇ ਕਿਹਾ ਕਿ ਉਸਦੀ ਮੌਤ ਉਸਦੇ ਵੱਸੋਂ ਬਾਹਰ ਦੀ ਚੀਜ਼ ਨਹੀਂ ਸੀ। ਉਹਦਾ ਮਰਨਾ, ਇਸ ਲਈ ਹੋਇਆ ਕਿਉਂਕਿ ਉਸ ਨੇ ਆਪਣੀ ਜਾਨ ਦੇਣਾ ਆਪ ਚੁਣਿਆ ਸੀ।

'' ... ਅੱਛਾ ਅਯਾਲੀ ਭੇਡਾ ਲਈ ਆਪਣੀ ਜਾਨ ਦਿੰਦਾ ਹੈ'' (10:11)।

'' ... ਮੈਂ ਭੇਡਾਂ ਦੇ ਬਦਲੇ ਆਪਣੀ ਜਾਨ ਦਿੰਦਾ ਹਾਂ'' (10:15)।

'' ... ਮੈਂ ਆਪਣੀ ਜਾਨ ਦਿੰਦਾ ਹਾਂ ਤਾਂ ਜੋ ਉਹ ਨੂੰ ਫੇਰ ਲਵਾਂ'' (10:17)।

''ਕੋਈ ਉਸ ਨੂੰ ਮੈਥੋਂ ਖੋਹੰਦਾ ਨਹੀਂ ਪਰ ਮੈਂ ਆਪੇ ਉਸ ਨੂੰ ਦਿੰਦਾ ਹਾਂ'' (10:18)।

''ਮੇਰਾ ਇਖ਼ਤਿਆਰ ਹੈ ਜੋ ਉਹ ਨੂੰ ਦੇਵਾਂ ਅਤੇ ਮੇਰਾ ਇਖ਼ਤਿਆਰ ਹੈ ਜੋ ਉਹ ਨੂੰ ਫੇਰ ਲਵਾਂ'' (10:18)।

ਆਪਣੀਆਂ ਭੇਡਾਂ ਲਈ ਜਾਨ ਦੇਣਾ ਚੰਗੇ ਅਯਾਲੀ ਦੀ ਪਛਾਣ ਹੈ। ਭਾੜੇ ਦੇ ਅਯਾਲੀਆਂ ਵਿਚ ਐਨੀ ਵਫ਼ਾਦਾਰੀ ਅਤੇ ਬਲੀਦਾਨ ਵੇਖਣ ਨੂੰ ਨਹੀਂ ਮਿਲਦਾ। ਮੁਸੀਬਤ ਆਉਣ ਤੇ ਉਹ ਭੇਡਾਂ ਨੂੰ ਭੁੱਲ ਕੇ ਲੁਕ ਜਾਂਦੇ ਹਨ।

ਦਾਊਦ (ਜੋ ਬਾਅਦ ਵਿਚ ਇਸਰਾਏਲ ਦਾ ਬਾਦਸ਼ਾਹ ਬਣਿਆ) ਵੀ ਬਚਪਨ ਵਿਚ ਅਯਾਲੀ ਸੀ। ਅਯਾਲੀ ਦੇ ਰੂਪ ਵਿਚ ਕੰਮ ਕਰਦਿਆਂ ਉਸਨੇ ਜ਼ਿੰਦਗੀ, ਅਗਵਾਈ ਕਰਨ ਅਤੇ ਪਰਮੇਸ਼ੁਰ ਬਾਰੇ ਬਹੁਤ ਕੁਝ ਸਿੱਖਿਆ। ਖ਼ਾਸ ਕਰ ਉਸਨੇ ਸਿੱਖਿਆ ਕਿ ਚੰਗਾ ਅਯਾਲੀ ਹੋਣ ਦਾ ਕੀ ਅਨੁਭਵ ਹੈ। ਦਾਊਦ ਨੇ ਆਪਣੇ ਆਪ ਨੂੰ ਫ਼ਲਸਤੀਨੀ ਦਿਓ ਗੋਲੀਅਤ ਨਾਲ ਲੜਨ ਲਈ ਪੇਸ਼ ਕਰਦਿਆਂ, ਸ਼ਾਊਲ ਨੂੰ ਕਿਹਾ,

ਤੁਹਾਡਾ ਦਾਸ ਆਪਣੇ ਪਿਉ ਦੀਆਂ ਭੇਡਾਂ ਦੀ ਰਾਖੀ ਕਰਦਾ ਸੀ ਅਤੇ ਜਾਂ ਇਕ ਸ਼ੇਰ ਅਤੇ ਇਕ ਰਿੱਛ ਆਇਆ ਅਤੇ ਇੱਜੜ ਵਿੱਚੋਂ ਇਕ ਬੱਚਾ ਲੈ ਗਿਆ ਤਾਂ ਮੈਂ ਉਹਦੇ ਮਗਰ ਨਿੱਕਲਿਆ ਅਤੇ ਉਸ ਨੂੰ ਮਾਰਿਆ ਅਰ ਉਹ ਦੇ ਮੂੰਹ ਵਿੱਚੋਂ ਉਹ ਨੂੰ ਛੁਡਾਇਆ ਅਤੇ ਜਾਂ ਉਹ ਮੇਰੇ ਵੁੱਤੇ ਟਾਣ ਪਿਆ ਤਾਂ ਮੈਂ ਉਹ ਨੂੰ ਵਰਾਛੋਂ ਫੜ ਕੇ ਮਾਰਿਆ ਅਤੇ ਉਸ ਨੂੰ ਜਿੰਦੋਂ ਮੁਕਾਇਆ। ਤੁਹਾਡੇ ਦਾਸ ਨੇ ਸ਼ੇਰ ਅਤੇ ਰਿੱਛ ਦੋਹਾਂ ਨੂੰ ਜਿੰਦੋਂ ਮੁਕਾਇਆ ਸੋ ਇਹ ਅਸੁੰਨਤੀ ਉਨ੍ਹਾਂ ਵਿੱਚੋਂ ਇਕ ਵਰਗਾ ਹੋਵੇਗਾ ... (1 ਸਮੂਏਲ 17:34-36)।

ਇਸਰਾਏਲ ਦੇ ਅਗਲੇ ਬਾਦਸ਼ਾਹ ਨੇ ਆਪਣੇ ਆਪ ਨੂੰ ਵਫ਼ਾਦਾਰ ਅਤੇ ਭੇਡਾਂ ਨਾਲ ਚੰਗਾ ਅਯਾਲੀ ਸਾਬਿਤ ਕੀਤਾ ਸੀ; ਬਾਅਦ ਵਿਚ ਉਹਨੇ ਖ਼ੁਦਾ ਦੇ ਲੋਕਾਂ ਤੇ ਚੰਗਾ ਅੱਯਾਲੀ ਸਾਬਿਤ ਹੋਣਾ ਸੀ।

ਯਿਸੂ, ਜਿਸ ਨੂੰ ਇੰਜੀਲ ਦੀਆਂ ਕਿਤਾਬਾਂ ਵਿਚ ਆਮ ਤੌਰ ਤੇ ''ਦਾਊਦ ਦੀ ਸੰਤਾਨ'' ਕਿਹਾ ਗਿਆ ਹੈ, ਅੱਛਾ ਅਯਾਲੀ ਸੀ ਅਤੇ ਹੈ। ਉਹ ਉਸ ਦੀ ਦੇਖਰੇਖ ਵਿਚ ਦਿੱਤੀਆਂ ਭੇਡਾਂ ਦੀ (ਤੁਹਾਡੀ ਅਤੇ ਮੇਰੀ) ਭਲਾਈ ਅਤੇ ਸੰਭਾਲ ਲਈ ਐਨਾ ਸਮਰਪਿਤ ਸੀ ਕਿ ਜਿਵੇਂ ਦਾਊਦ ਆਪਣੀਆਂ ਭੇਡਾਂ ਦੇ ਇੱਜੜ ਲਈ ਆਪਣੀ ਜਾਨ ਦਾਅ ਤੇ ਲਾ ਦਿੰਦਾ ਸੀ, ਓਵੇਂ ਹੀ ਉਸਨੇ ਸਾਡੇ ਲਈ ਆਪਣੀ ਜਾਨ ਦੇ ਦਿੱਤੀ। ਚੰਗੇ ਅਯਾਲੀ ਦੇ ਰੂਪ ਵਿਚ ਗੱਲ ਕਰਦੇ ਹੋਏ, ਯਿਸੂ ਨੇ ਸਾਫ਼ ਕੀਤਾ ਕਿ ਉਸਨੇ ''ਆਪਣੀ ਇੱਛਾ'' (10:18) ਨਾਲ ਹੀ ਸਲੀਬ ਚੜ੍ਹਨਾ ਸੀ। ਯਹੂਦਾ, ਮਹਾਂ ਯਾਜਕ, ਪਿਲਾਤੁਸ ਅਤੇ ਭੀੜ ਸਭ ਨੇ ਯਿਸੂ ਨੂੰ ਸਲੀਬ ਚੜ੍ਹਾਉਣ ਚ ਆਪਣਾ ਯੋਗਦਾਨ ਦੇਣਾ ਸੀ, ਪਰ ਉਨ੍ਹਾਂ ਨੂੰ ਇਹ ਸਮਝ ਨਹੀਂ ਸੀ ਕਿ ਅਤੇ ਉਹ ਜ਼ੁਲਮ ਇਸ ਲਈ ਹੋ ਸਕਿਆ ਸੀ ਕਿਉਂਕਿ ਯਿਸੂ ਆਪਣੀਆਂ ਭੇਡਾਂ ਲਈ ਆਪਣੀ ਜਾਨ ਦੇਣ ਨੂੰ ਤਿਆਰ ਸੀ। ਚੰਗਾ ਅਯਾਲੀ ਉਹ ਹੈ!

ਬਾਅਦ ਵਿਚ ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ, ਦੋ ਗੱਲਾਂ ਤੋਂ ਸਾਨੂੰ ਯਾਦ ਆਉਂਦਾ

ਹੈ ਕਿ ਯਿਸੂ ਨੇ ਚੰਗੇ ਅਯਾਲੀ ਦੀ ਆਪਣੀ ਗੱਲਬਾਤ ਵਿਚ ਕੀ ਕਿਹਾ ਸੀ। ਯਿਸੂ ਦੇ ਮੁਕੱਦਮੇ ਵਿਚ, ਰੋਮੀ ਹਾਕਮ ਪਿਲਾਤੁਸ ਨੇ ਯਿਸੂ ਤੋਂ ਇਕ ਸਵਾਲ ਪੁੱਛਿਆ। ਜਦ ਉਸਨੇ ਜਵਾਬ ਦੇਣੋ ਨਾਂਹ ਕਰ ਦਿੱਤੀ, ਤਾਂ ਪਿਲਾਤੁਸ ਨੇ ਕਿਹਾ, ''ਤੂੰ ਮੇਰੇ ਨਾਲ ਨਹੀਂ ਬੋਲਦਾ? ਕੀ ਤੂੰ ਨਹੀਂ ਜਾਣਦਾ ਜੋ ਇਹ ਮੇਰੇ ਵੱਸ ਵਿਚ ਹੈ ਕਿ ਭਾਵੇਂ ਤੈਨੂੰ ਛੱਡ ਦਿਆਂ ਭਾਵੇਂ ਤੈਨੂੰ ਸਲੀਬ ਉੱਤੇ ਚੜ੍ਹਾਵਾਂ?'' (19:10)। ਯਿਸੂ ਨੇ ਜੋ ਚੰਗਾ ਅਯਾਲੀ ਸੀ, ਜਵਾਬ ਦਿੱਤਾ, ''ਜੇ ਤੈਨੂੰ ਇਹ ਉੱਪਰੋਂ ਨਾ ਦਿੱਤਾ ਜਾਂਦਾ ਤਾਂ ਮੇਰੇ ਉੱਤੇ ਤੇਰਾ ਕੁਝ ਵੱਸ ਨਾ ਚੱਲਦਾ ...'' (19:11)। ਭਾਵੇਂ ਉਸ ਵੇਲੇ ਕਿਸੇ ਨੂੰ ਸਮਝ ਨਾ ਆਈ, ਪਰ ਉਹ ਆਪਣੇ ਆਪ ਨੂੰ ਸਲੀਬ ਚੜ੍ਹਾਉਣ ਦੀ ਇਜਾਜ਼ਤ ਨਾ ਦਿੰਦਾ ਤਾਂ ਪਿਲਾਤੁਸ ਯਿਸੂ ਨੂੰ ਕਦੇ ਸਲੀਬ ਨਹੀਂ ਚੜ੍ਹਾ ਸਕਦਾ ਸੀ। ਯਿਸੂ ਦਾ ਸਲੀਬ ਚੜ੍ਹਾਇਆ ਜਾਣਾ ਅਸਲ ਵਿਚ ਚੰਗੇ ਅਯਾਲੀ ਦੀ ਪਿਆਰ ਭਰੀ ਕੁਰਬਾਨੀ ਸੀ। ਅਖ਼ੀਰ ਵਿਚ, ਜਦ ਯਿਸੂ ਸਲੀਬ ਤੇ ਟੰਗਿਆ ਸੀ, ਤਾਂ ਉਸਨੇ ''ਸਿਰ ਨਿਵਾ ਕੇ ਜਾਨ ਦੇ ਦਿੱਤੀ'' (19:30)। ਯੂਹੰਨਾ ਦੇ ਸ਼ਬਦਾਂ ਵਿਚ ਇਹ ਕੋਈ ਐਕਸੀਡੈਂਟ ਨਹੀਂ ਸੀ। ਕਿਸੇ ਨੇ ਯਿਸੂ ਤੋਂ ਉਸਦੀ ਜਾਨ ਖੋਹੀ ਨਹੀਂ ਸੀ। ਕਿਸੇ ਨੇ ਉਸ ਨੂੰ ਕਤਲ ਨਹੀਂ ਕੀਤਾ ਸੀ। ਕਿਸੇ ਨੇ ਉਹਨੂੰ ਸਲੀਬ ਚੜ੍ਹਨ ਨੂੰ ਫ਼ਸਾਇਆ ਨਹੀਂ ਬਲਕਿ ਉਸਨੇ ਆਪ ਆਪਣੇ ਆਪ ਨੂੰ ਦੇ ਦਿੱਤਾ।

## ਸਾਰ (10:19, 20)

ਇਕ ਵਾਰ ਫੇਰ ਅਸੀਂ ਵੇਖਦੇ ਹਾਂ ਕਿ ਯਿਸੂ ਦੀਆਂ ਅਨੋਖੀਆਂ ਗੱਲਾਂ ਤੋਂ ਲੋਕਾਂ ਵਿਚ ਫੁੱਟ ਪੈ ਗਈ ਸੀ। ਕਈਆਂ ਦਾ ਕਹਿਣਾ ਸੀ ਕਿ ਉਸ ਵਿਚ ਭੂਤ ਹੈ, ਜੋ ਕਿ ਉਸ ਨੂੰ ਬਦਨਾਮ ਕਰਨ ਲਈ ਸਿਰਫ਼ ਇਕ ਇਲਜ਼ਾਮ ਸੀ, ਅਜਿਹਾ ਇਲਜ਼ਾਮ ਜਿਵੇਂ ਕਿਸੇ ਨੂੰ ''ਪਾਗਲ'' ਜਾਂ ''ਦਿਮਾਗੀ ਸੰਤੁਲਨ ਗੁਆ ਬੈਠਾ'' ਕਹਿਣਾ ਹੁੰਦਾ ਹੈ। ਪਰ ਦੂਜੇ ਲੋਕ ਜਮਾਂਦਰੂ ਅੰਨ੍ਹੇ ਦੀਆਂ ਅੱਖਾਂ ਖੋਲ੍ਹਣ ਵਿਚ ਸ਼ਕਤੀ ਨਾਲ ਭਰੇ ਉਸਦੇ ਮੋਅਜਜ਼ਿਆਂ ਤੋਂ ਹੈਰਾਨ ਸਨ। ਉਹ ਆਪਣੇ ਆਪ ਨੂੰ ਇਹ ਅਹਿਸਾਸ ਨਹੀਂ ਦੁਆ ਸਕੇ ਕਿ ਕੋਈ ਦੁਸ਼ਟ ਆਤਮਾ ਅਜਿਹਾ ਨਾ ਮੰਨਣ ਯੋਗ ਕੰਮ ਕਰ ਸਕਦਾ ਹੈ। ਭਾਵੇਂ ਯਿਸੂ ਆਪਣੀਆਂ ਸਭ ਭੇਡਾਂ ਨੂੰ ਪਿਆਰ ਕਰਦਾ ਸੀ ਜਦ ਕਿ ਦੂਜੀਆਂ ਘਿਰਣਾ। ਉਨ੍ਹਾਂ ਦੀ ਪ੍ਰਤੀਕਿਰਿਆ ਨਾਲ ਸਾਨੂੰ ਧਿਆਨ ਆਉਂਦਾ ਹੈ ਕਿ ਯਿਸੂ ਸਾਨੂੰ ਆਪਣੇ ਪਿੱਛੇ ਚੱਲਣ ਲਈ ਅਵਾਜ਼ ਦਿੰਦਾ ਹੈ, ਪਰ ਫ਼ੈਸਲਾ ਲੈਣਾ ਉਹ ਸਾਡੇ ਤੇ ਛੱਡਦਾ ਹੈ।

ਯਿਸੂ ਚੰਗਾ ਅਯਾਲੀ ਹੈ। ਉਸ ਦੀਆਂ ਭੇਡਾਂ ਉਸਦੀ ਅਵਾਜ਼ ਨੂੰ ਪਛਾਣਦੀਆਂ ਅਤੇ ਉਹਦੇ ਪਿੱਛੇ ਚੱਲਦੀਆਂ ਹਨ। ਅੱਜ ਵੀ ਉਹ ਕਿਸੇ ਨੇੜਲੀ ਪਹਾੜੀ ਦੀ ਚੋਟੀ ਤੇ ਖੜਾ ਹੋ ਕੇ ਤੁਹਾਨੂੰ ਬੁਲਾ ਰਿਹਾ ਹੈ। ਕੀ ਤੁਹਾਨੂੰ ਉਸ ਦੀ ਅਵਾਜ਼ ਸੁਣਾਈ ਦੇ ਰਹੀ ਹੈ? ਕੀ ਤੁਸੀਂ ਉਸਦੀ ਅਵਾਜ਼ ਪਛਾਣਦੇ ਹੋ? ਕੀ ਤੁਸੀਂ ਉਸਦੇ ਮਗਰ ਚੱਲੋਗੇ? ਯਾਦ ਰੱਖੋ ਕਿ ਉਸਨੇ ਤੁਹਾਡੇ ਲਈ ਆਪਣੇ ਆਪ ਨੂੰ ਦੇ ਦਿੱਤਾ।

---

ਟਿੱਪਣੀਆਂ

[1]ਮਾਈਕਲ ਗ੍ਰੀਨ, *ਇਲਸਟ੍ਰੇਸ਼ੰਜ਼ ਫ਼ਾਰ ਬਿਬਲੀਕਲ ਪ੍ਰੀਚਿੰਗ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁੱਕ ਹਾਉਸ, 1982), 420.